ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
(ਪਾਲਿਸੀ ਸਾਖਾ)

ਸੇਵਾ ਵਿਖੇ

ਮਿਲਖ ਅਫਸਰ (ਪਲਾਟਸ),
ਗਮਾਡਾ, ਐਸ.ਏ.ਐਸ.ਨਗਰ।

ਮਿਲਖ ਅਫਸਰ (ਹਾਊਸਿੰਗ),
ਗਮਾਡਾ, ਐਸ.ਏ.ਐਸ.ਨਗਰ।

ਸੀਨੀਅਰ ਲੇਖਾ ਅਫਸਰ,
ਗਮਾਡਾ, ਮੋਹਾਲੀ।

ਨੰ:ਗਮਾਡਾ(ਪਾਲਿਸੀ)/2012/ 4868-70 ਮਿਤੀ: 22-06-2012

ਵਿਸਾ:- ਅਥਾਰਿਟੀ ਵੱਲੋਂ ਅਲਾਟਮੈਂਟ/ਬੋਲੀ ਰਾਹੀ ਵੇਚੇ ਗਏ ਰਿਹਾਇਸੀ/ ਵਪਾਰਿਕ /ਸੰਸਥਾਤਮਕ ਪਲਾਟਾਂ ਸਬੰਧੀ 15% ਜਾਂ ਹੋਰ ਕੋਈ ਮੁੱਢਲੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਦਿੱਤੇ ਸਮੇਂ ਵਿੱਚ ਦੇਰੀ ਨੂੰ ਮੁਆਫ ਕਰਨ ਦੀ ਨੀਤੀ ਵਿੱਚ ਸੋਧ ਬਾਰੇ।

ਉਪਰੋਕਤ ਵਿਸੇ ਤੇ ਪੁੱਡਾ ਪਾਲਿਸੀ ਸ਼ਾਖਾ ਦੇ ਪੱਤਰ ਨੰ: ਪੁੱਡਾ/ਪਾਲਿਸੀ/02/6153-54 ਮਿਤੀ 20-08-2002 ਦੀ ਨਿਰੰਤਰਤਾ ਵਿਚ।

ਹਵਾਲੇ ਅਧੀਨ ਪੱਤਰ ਰਾਹੀਂ ਪੁੱਡਾ ਦੀ ਪਾਲਿਸੀ ਸ਼ਾਖਾ ਵਲੋਂ ਅਲਾਟਮੈਂਟ/ ਬੋਲੀ ਰਾਹੀ ਵੇਚੇ ਗਏ ਰਿਹਾਇਸ਼ੀ / ਵਪਾਰਿਕ /ਸੰਸਥਾਤਮਕ ਪਲਾਟਾਂ ਦੇ ਅਲਾਟਮੈਂਟ ਪੱਤਰ/ ਲੈਟਰ ਆਫ ਇੰਟੈਂਟ ਵਿੱਚ ਦਿੱਤੇ ਗਏ ਸਮੇ ਵਿਚ 15% ਜਾਂ ਹੋਰ ਕੋਈ ਮੁੱਢਲੀ ਰਕਮ ਨਿਸਚਿਤ ਸਮੇਂ ਅਨੁਸਾਰ ਜਮਾਂ ਨਾ ਕਰਵਾਉਣ ਦੀ ਸੂਰਤ ਵਿਚ ਹੋਈ ਦੇਰੀ ਨੂੰ ਮੁਆਫ ਕਰਨ ਦੀ ਪਾਲਿਸੀ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

ੳ) ਬੋਲੀ ਜਾਂ ਕਿਸੇ ਹੋਰ ਤਰੀਕੇ ਰਾਹੀਂ ਵੇਚੇ /ਅਲਾਟ ਕੀਤੇ ਗਏ ਰਿਹਾਇਸ਼ੀ /ਵਪਾਰਿਕ ਪਲਾਟਾਂ ਦੇ ਕੇਸਾਂ ਵਿੱਚ ਦੇਰੀ ਮੁਆਫ ਕਰਨ ਬਾਰੇ।

| ਲੜੀ ਨੰ: | ਮੁਆਫੀ ਦਾ ਸਮਾਂ | ਦੇਰੀ ਮੁਆਫ ਕਰਨ ਵਾਲਾ ਅਧਿਕਾਰੀ | 15% ਰਾਸ਼ੀ ਜਾਂ ਕਿਸੇ ਹੋਰ ਰਕਮ ਤੇ ਲੱਗਣ ਵਾਲੇ ਸਰਚਾਰਜ ਦਾ ਰੇਟ |
|---|---|---|---|
| 1 | ਅਲਾਟਮੈਂਟ ਪੱਤਰ/ ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋਂ ਬਾਅਦ ਹੋਰ 30 ਦਿਨ ਤੱਕ | ਮਿਲਖ ਅਫਸਰ | ਜਮ੍ਹਾਂ ਹੋਣ ਵਾਲੀ ਰਕਮ ਦਾ 1.5% |
| 2 | ਅਲਾਟਮੈਂਟ ਪੱਤਰ/ ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋਂ ਬਾਅਦ ਹੋਰ 60 ਦਿਨ ਤੱਕ | ਵਧੀਕ ਮੁੱਖ ਪ੍ਰਸਾਸ਼ਕ | ਜਮ੍ਹਾਂ ਹੋਣ ਵਾਲੀ ਰਕਮ ਦਾ 2% |
| 3 | ਅਲਾਟਮੈਂਟ ਪੱਤਰ/ ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋਂ ਬਾਅਦ ਹੋਰ 90 ਦਿਨ ਤੱਕ | ਮੁੱਖ ਪ੍ਰਸਾਸ਼ਕ | ਜਮ੍ਹਾਂ ਹੋਣ ਵਾਲੀ ਰਕਮ ਦਾ 2.5% |
| 4 | ਅਲਾਟਮੈਂਟ ਪੱਤਰ/ ਮਨੋਰਥ ਪੱਤਰ ਵਿੱਚ ਨਿਸਚਿਤ ਸਮਾਂ ਖਤਮ ਹੋਣ ਤੋਂ ਬਾਅਦ ਹੋਰ 6 ਮਹੀਨੇ ਤੱਕ | ਉਪ ਸਭਾਪਤੀ | ਜਮ੍ਹਾਂ ਹੋਣ ਵਾਲੀ ਰਕਮ ਦਾ 3% |

ਨੋਟ:-

1) ਅਲਾਟੀ ਨੂੰ ਜਮ੍ਹਾਂ ਕਰਵਾਈ ਜਾਣ ਵਾਲੀ ਰਾਸ਼ੀ ਉੱਤੇ ਸਰਚਾਰਜ ਤੋਂ ਇਲਾਵਾ ਦੇਰੀ ਦੇ ਸਮੇਂ ਲਈ 18% ਸਲਾਨਾ ਦੇ ਹਿਸਾਬ ਨਾਲ ਦੰਡ ਵਿਆਜ ਵੀ ਜਮ੍ਹਾਂ ਕਰਵਾਉਣਾ ਪਵੇਗਾ। ਸਮੇਂ ਵਿੱਚ ਵਾਧਾ ਤਾਂ ਹੀ ਕੀਤਾ ਜਾਵੇਗਾ, ਜੇਕਰ 25% ਰਕਮ ਮੁਕੰਮਲ ਕਰਨ ਲਈ ਜਮ੍ਹਾਂ ਕਰਵਾਈ ਜਾਣ ਵਾਲੀ 15% ਜਾਂ ਕਿਸੇ ਹੋਰ ਰਕਮ ਲਈ ਅਲਾਟਮੈਂਟ ਪੱਤਰ /ਮਨੋਰਥ ਪੱਤਰ ਵਿੱਚੋ ਨਿਰਧਾਰਤ ਸਮੇਂ ਦੇ ਅੰਦਰ-2 ਲਿਖਤੀ ਦਰਖਾਸਤ ਪ੍ਰਾਪਤ ਹੁੰਦੀ ਹੈ। ਉਪਰੋਕਤ ਅਨੁਸਾਰ ਦੱਸੇ ਅਧਿਕਾਰੀ ਵੱਲੋਂ ਕਾਰਣ ਦਰਜ਼ ਕਰਦੇ ਹੋਏ ਸਮੇਂ ਵਿੱਚ ਵਾਧੇ ਦੀ ਮਨਜ਼ੂਰੀ ਦਿੱਤੀ ਜਾਵੇਗੀ । ਸਮੇਂ ਵਿੱਚ ਵਾਧੇ ਸਬੰਧੀ ਅਲਾਟੀ ਦਾ ਕੋਈ ਹੱਕ ਨਹੀਂ ਹੋਵੇਗਾ।

2) ਜੇਕਰ ਅਲਾਟਮੈਂਟ ਪੱਤਰ /ਮਨੋਰਥ ਪੱਤਰ ਵਿੱਚ ਨਿਸਚਿਤ ਸਮੇਂ ਜਾਂ ਵਧਾਏ ਹੋਏ ਸਮੇਂ ਅੰਦਰ 25% ਜਾਂ 30% ਰਕਮ ਦੀ ਅਦਾਇਗੀ ਮੁਕੰਮਲ ਨਹੀਂ ਕੀਤੀ ਜਾਂਦੀ , ਤਾਂ ਮਿਲਖ ਅਫਸਰ ਵੱਲੋਂ ਪੰਜਾਬ ਰੀਜ਼ਨਲ ਐਂਡ ਡਿਵੈਲਪਮੈਂਟ ਐਕਟ, 1995 ਦੀ ਧਾਰਾ 45 ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਸੰਸਥਤਾਮਕ ਪਲਾਟਾਂ ਦੇ ਕੇਸਾਂ ਵਿੱਚ ਦੇਰੀ ਮੁਆਫ ਕਰਨ ਬਾਰੇ।

| ਲੜੀ ਨੰ: | ਮੁਆਫੀ ਦਾ ਸਮਾਂ | ਦੇਰੀ ਮੁਆਫ ਕਰਨ ਵਾਲਾ ਅਧਿਕਾਰੀ | 15% ਰਾਸ਼ੀ ਜਾਂ ਕਿਸੇ ਹੋਰ ਰਕਮ ਤੇ ਲੱਗਣ ਵਾਲੇ ਸਰਚਾਰਜ ਦਾ ਰੇਟ |
|---|---|---|---|
| 1 | ਇੱਕ ਮਹੀਨੇ ਤੱਕ | ਮੁੱਖ ਪ੍ਰਸਾਸ਼ਕ | ਜਮ੍ਹਾਂ ਹੋਣ ਵਾਲੀ ਰਕਮ ਦਾ 1.5% ਅਤੇ ਦੇਰੀ ਦੇ ਸਮੇਂ ਲਈ 18% ਸਲਾਨਾ ਦੇ ਹਿਸਾਬ ਨਾਲ ਵਿਆਜ |
| 2 | ਤਿੰਨ ਮਹੀਨੇ ਤੱਕ ( ਸਿਰਫ ਮੁਸੀਬਤ ਦੇ ਕੇਸਾਂ ਵਿੱਚ) | ਉਪ ਸਭਾਪਤੀ | ਉਕਤ ਅਨੁਸਾਰ |

ਉਪਰੋਕਤ ਸੋਧ ਮਾਨਯੋਗ ਸਭਾਪਤੀ, ਗਮਾਡਾ -ਕਮ- ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ।

ਵਧੀਕ ਮੁੱਖ ਪ੍ਰਸਾਸਕ (ਪਾਲਿਸੀ),
ਗਮਾਡਾ, ਮੋਹਾਲੀ।

ਪਿ:ਅੰ:ਨੰ:ਗਮਾਡਾ (ਪਾਲਿਸੀ)/2012/ 4880-85 ਮਿਤੀ: 22-06-12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਪ੍ਰਸਾਸਕ, ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਐਸ.ਏ.ਐਸ.ਨਗਰ।
2. ਮੁੱਖ ਪ੍ਰਸਾਸਕ, ਗਰੇਟਰ ਏਰੀਆ ਲੁਧਿਆਣਾ ਡਿਵੈਲਪਮੈਂਟ ਅਥਾਰਟੀ, ਲੁਧਿਆਣਾ।
3. ਮੁੱਖ ਪ੍ਰਸਾਸਕ, ਜਲੰਧਰ ਡਿਵੈਲਪਮੈਂਟ ਅਥਾਰਟੀ, ਜਲੰਧਰ।
4. ਮੁੱਖ ਪ੍ਰਸਾਸਕ, ਅੰਮ੍ਰਿਤਸਰ ਡਿਵੈਲਪਮੈਂਟ ਅਥਾਰਟੀ, ਅੰਮ੍ਰਿਤਸਰ।
5. ਮੁੱਖ ਪ੍ਰਸਾਸਕ, ਬਠਿੰਡਾ ਡਿਵੈਲਪਮੈਂਟ ਅਥਾਰਟੀ, ਬਠਿੰਡਾ।
6. ਮੁੱਖ ਪ੍ਰਸਾਸਕ, ਪਟਿਆਲਾ ਡਿਵੈਲਪਮੈਂਟ ਅਥਾਰਟੀ, ਪਟਿਆਲਾ।

27/6/2012
ਸੁਪਰਡੈਂਟ (ਪਾਲਿਸੀ),
ਵਾ:ਵਧੀਕ ਮੁੱਖ ਪ੍ਰਸਾਸਕ (ਪਾਲਿਸੀ)